# ਮਾਡਲ ਪ੍ਰਸ਼ਨ ਪੱਤਰ
## ਜਮਾਤ : ਬਾਰ੍ਹਵੀਂ
## ਵਿਸ਼ਾ : ਪੰਜਾਬੀ

**ਕੋਡ : 532** | **ਸੈਸ਼ਨ : 2023-24**
**ਸਮਾਂ : ਤਿੰਨ ਘੰਟੇ** | **ਕੁੱਲ ਅੰਕ : 80**
**ਪੇਪਰ : ਸਾਲਾਨਾ**

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

**ਭਾਗ (ੳ)**

1. ਹੇਠ ਲਿਖੇ ਪੈਰ੍ਹੇ ਨੂੰ ਸਿਰਲੇਖ ਸਹਿਤ ਸੰਖੇਪ ਕਰਕੇ ਦੁਬਾਰਾ ਲਿਖੋ: 5

ਸਾਡੇ ਸਕੂਲਾਂ-ਕਾਲਜਾਂ ਦੀ ਨਵੀਂ ਪਨੀਰੀ ਨੂੰ ਸੁਝਾਉਣ ਦੀ ਡਾਢੀ ਲੋੜ ਹੈ। ਅਖ਼ਬਾਰ-ਬੀਨੀ ਵੀ ਦੂਜੀਆਂ ਭੁੱਖਾਂ ਵਾਂਗ ਸੰਜਮ ਅਤੇ ਲੋੜ ਅਨੁਸਾਰ ਹੀ ਕਰਨੀ ਚਾਹੀਦੀ ਹੈ। ਅਖਬਾਰ ਵਾਲੇ ਆਖਰ ਕੌਣ ਹਨ। ਟੀਸੀ ਉੱਤੇ ਇਨ੍ਹਾਂ ਦਾ ਧਨੀ ਮਾਲਕ ਹੈ, ਜੋ ਇਨ੍ਹਾਂ ਨੂੰ ਚਲਾਉਣ ਲਈ ਸਰਮਾਇਆ ਦਿੰਦਾ ਹੈ। ਉਹ ਮਨੁੱਖ ਹੈ, ਦੇਵਤਾ ਨਹੀਂ। ਉਸ ਨੇ ਵੇਖਣਾ ਹੈ ਕਿ ਅਖ਼ਬਾਰ ਵਿਕਦਾ ਕਿਵੇਂ ਹੈ, ਤੇ ਉਸ ਦੇ ਸਰਮਾਏ ਨੂੰ ਛੇਤੀ ਦੁੱਗਣਾ-ਚੋਗਣਾ ਕਿਵੇਂ ਕੀਤਾ ਜਾ ਸਕਦਾ ਹੈ। ਉਸਦੇ ਹੱਥ ਤਾਕਤ ਹੁੰਦੀ ਹੈ, ਜਨਤਾ ਦੇ ਅੱਖਾਂ ਤੇ ਕੰਨਾਂ ਵਿੱਚ ਜੋ ਚਾਹੇ, ਜਿਵੇਂ ਚਾਹੇ, ਜਿਸ ਰੰਗ ਵਿੱਚ ਚਾਹੇ ਪੇਸ਼ ਕਰ ਸਕਦਾ ਹੈ। ਅੱਗੇ ਉਸ ਨੂੰ ਵਰਤਣ ਵਾਲੇ, ਸਿਆਸੀ ਮੱਲ, ਹਕੂਮਤਾਂ ਵੱਡੇ ਸੌਦਾਗਰ, ਜਿਨ੍ਹਾਂ ਦੇ ਹੱਥ ਏਸ ਪੂੰਜੀ ਮਾਲਕ ਦੇ ਕੰਨ ਮਰੋੜਨ ਦੀ ਤਾਕਤ ਹੁੰਦੀ ਹੈ। ਅਖ਼ਬਾਰਾਂ ਲਿਖਣ ਵਾਲੇ ਚਿੱਟੇ ਨੂੰ ਕਾਲ਼ਾ ਤੇ ਕਾਲ਼ੇ ਨੂੰ ਚਿੱਟਾ ਲਿਖਦੇ ਹਨ। ਲਿਖਣ ਵਾਲੇ ਜਿੰਨੇ ਚਾਹੋ ਤਨਖ਼ਾਹ ਉੱਤੇ ਮਿਲ ਜਾਂਦੇ ਹਨ। ਅਖ਼ਬਾਰ ਪੜ੍ਹਨ ਦਾ ਲਾਭ ਵੀ ਹੈ ਤੇ ਹਾਨੀ ਵੀ, ਗੁਣ ਵੀ ਅਤੇ ਔਗੁਣ ਵੀ ਹੋ ਸਕਦਾ ਹੈ।

2. **ਕਿਸੇ ਇਕ ਸਿੱਟੇ ਨੂੰ ਪ੍ਰਗਟ ਕਰਦੀ ਕਹਾਣੀ ਲਿਖੋ :**

(ੳ) ਜੈਸੇ ਨੂੰ ਤੈਸਾ

(ਅ) ਈਮਾਨਦਾਰੀ ਚੰਗੀ ਨੀਤੀ ਹੈ

(ੲ) ਜਿੱਥੇ ਚਾਹ ਉੱਥੇ ਰਾਹ

3. ਹੇਠ ਲਿਖੇ ਸਾਹਿਤਕਾਰਾਂ ਵਿੱਚੋਂ ਕਿਸੇ ਇੱਕ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਰੂਪ ਵਿੱਚ ਲਿਖੋ : 5

(ੳ) ਸ੍ਰੀ ਗੁਰੂ ਨਾਨਕ ਦੇਵ

Contd... p/2

Downloaded from cclchapter.com

(ਅ) ਦਮੋਦਰ

(ੲ) ਬੁੱਲ੍ਹੇ ਸ਼ਾਹ

4. ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ : 1x5=5

(i) 'ਜਪੁਜੀ ਸਾਹਿਬ' ਕਿਸ ਦੀ ਲਿਖੀ ਹੋਈ ਬਾਣੀ ਹੈ?

(ੳ) ਸ੍ਰੀ ਗੁਰੂ ਅਰਜਨ ਦੇਵ ਜੀ

(ਅ) ਸ੍ਰੀ ਗੁਰੂ ਅਮਰਦਾਸ ਜੀ

(ੲ) ਸ੍ਰੀ ਗੁਰੂ ਨਾਨਕ ਦੇਵ ਜੀ

(ਸ) ਸ੍ਰੀ ਗੁਰੂ ਰਾਮਦਾਸ ਜੀ

(ii) ਸ਼ੇਖ ਫ਼ਰੀਦ ਜੀ ਦਾ ਜਨਮ ਕਦੋਂ ਹੋਇਆ?

(ੳ) 1173ਈ. ਵਿੱਚ (ਅ) 1273 ਈ. ਵਿੱਚ

(ੲ) 1073 ਈ. ਵਿੱਚ (ਸ) 1373 ਈ. ਵਿੱਚ

(iii) ਸ਼ਾਹ ਹੁਸੈਨ ਨੇ ਕਿੰਨੀਆਂ ਕਾਫ਼ੀਆਂ ਲਿਖੀਆਂ?

(ੳ) 263 (ਅ) 163

(ੲ) 150 (ਸ) 120

(iv) ਸ਼ਾਹ ਮੁਹੰਮਦ ਕਿਸ ਰਚਨਾ ਕਰਕੇ ਪ੍ਰਸਿੱਧ ਹੋਇਆ?

(ੳ) ਜੰਗਨਾਮਾ ਸਿੰਘਾਂ ਤੇ ਫਿਰੰਗੀਆਂ ਦਾ

(ਅ) ਲੈਲਾ-ਮਜਨੂੰ (ੲ) ਹੀਰ ਰਾਂਝਾ

(ਸ) ਸੱਸੀ-ਪੁਨੂੰ

(v) ਵਾਰਿਸ਼ ਸ਼ਾਹ ਨੇ ਕਿਹੜਾ ਪ੍ਰਸਿੱਧ ਕਿੱਸਾ ਲਿਖਿਆ?

(ੳ) ਹੀਰ-ਰਾਂਝਾ (ਅ) ਸੱਸੀ-ਪੁਨੂੰ

(ੲ) ਸੋਹਿਣੀ-ਮਹੀਂਵਾਲ (ਸ) ਲੈਲਾ-ਮਜਨੂੰ

5. ਹੇਠ ਲਿਖੇ ਬਹੁਤ ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ : 1x5=5

(i) 'ਕੁਦਰਤ ਦਾ ਕਵੀ' ਕਿਸ ਨੂੰ ਕਿਹਾ ਜਾਂਦਾ ਹੈ?

(ੳ) ਗੁਰਬਖ਼ਸ ਸਿੰਘ ਪ੍ਰੀਤਲੜੀ (ਅ) ਭਾਈ ਵੀਰ ਸਿੰਘ

(ੲ) ਪ੍ਰੋ. ਪੂਰਨ ਸਿੰਘ (ਸ) ਮੋਹਨ ਸਿੰਘ

Contd... p/3

Downloaded from cclchapter.com

(ii) 'ਅੱਜ ਆਖਾਂ ਵਾਰਸ਼ ਸ਼ਾਹ ਨੂੰ' ਕਿਸ ਦੀ ਰਚਨਾ ਹੈ?

(ੳ) ਅੰਮ੍ਰਿਤ ਪ੍ਰੀਤਮ (ਅ) ਆਈ.ਸੀ. ਨੰਦਾ

(ੲ) ਸ਼ਿਵ ਕੁਮਾਰ (ਸ) ਪ੍ਰਿੰ. ਤੇਜਾ ਸਿੰਘਾ

(iii) 'ਬਿਰਹਾ ਦਾ ਕਵੀ' ਕੌਣ ਹੈ?

(ੳ) ਪ੍ਰੋ. ਪੂਰਨ ਸਿੰਘ (ਅ) ਸ਼ਿਵ ਕੁਮਾਰ ਬਟਾਲਵੀ

(ੲ) ਭਾਈ ਵੀਰ ਸਿੰਘ (ਸ) ਬਲਵੰਤ ਗਾਰਗੀ

(iv) ਪ੍ਰੀਤਲੜੀ ਨੂੰ ਕਿਸ ਦਾ ਜਾਦੂਗਰ ਕਿਹਾ ਜਾਂਦਾ ਹੈ?

(ੳ) ਜਾਦੂ ਦਾ (ਅ) ਪ੍ਰੀਤ ਨਗਰ ਦਾ

(ੲ) ਕਹਾਣੀ ਦਾ (ਸ) ਸ਼ਬਦਾਂ ਦਾ

(v) ਸੰਤ ਸਿੰਘ ਸੇਖੋਂ ਨੇ ਕਿੰਨੇ ਨਾਟਕ ਲਿਖੇ ਹਨ?

(ੳ) 18 (ਅ) 15

(ੲ) 14 (ਸ) 20

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਜਾਂ ਇਕ ਵਾਕ ਵਿਚ ਲਿਖੋ:

(i) ਅਜੀਤ ਕੌਰ ਦਾ ਕਹਾਣੀ-ਸੰਗ੍ਰਹਿ ਕਿਹੜਾ ਹੈ? 1

(ii) ਪੰਜਾਬੀ ਨਿੱਕੀ ਕਹਾਣੀ ਨੂੰ ਪੱਛਮੀ ਤਕਨੀਕ ਅਨੁਸਾਰ ਕਿਸ ਨੇ ਢਾਲਿਆ? 1

(iii) ਬਲਵੰਤ ਗਾਰਗੀ ਦਾ ਦੇਹਾਂਤ ਕਦੋਂ ਹੋਇਆ? 1

(iv) ਪੰਜਾਬੀ ਨਾਟਕ ਦਾ ਜਨਮਦਾਤਾ ਕੌਣ ਹੈ? 1

(v) ਛੋਟੀਆਂ ਕਵਿਤਾਵਾਂ ਦਾ ਵੱਡਾ ਕਵੀ ਕੌਣ ਹੈ? 1

**ਭਾਗ (ਅ)**

7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਵਿੱਚ ਦਿਓ : 1x3=3

(i) 'ਧੀ' ਕਵਿਤਾ ਵਿੱਚ ਕਿਸ ਨੂੰ ਵਡਿਆਇਆ ਗਿਆ ਹੈ?

(ii) 'ਕੰਡਿਆਲੀ ਥੋਰ੍ਹ' ਕਿੱਥੇ ਉਗਦੀ ਹੈ?

(iii) 'ਮਰਸੀਆ' ਸ਼ਬਦ ਦਾ ਅਰਥ ਦੱਸੋ।

8. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ : 1x3=3

(i) ਸ਼ੋਭਾ-ਸ਼ਕਤੀ ਨਾਟਕ ਕਦੋਂ ਲਿਖਿਆ ਗਿਆ?

(ੳ) ਸੰਨ 1860 ਵਿਚ (ਅ) ਸੰਨ 1960 ਵਿੱਚ

(ੲ) ਸੰਨ 1962 ਵਿਚ (ਸ) ਸੰਨ 1963 ਵਿੱਚ

Contd... p/4

Downloaded from cclchapter.com

(ii) ਸ਼ੋਭਾ-ਸ਼ਕਤੀ ਨਾਟਕ ਦਾ ਲੇਖਕ ਕੌਣ ਹੈ?

(ੳ) ਡਾ. ਹਰਚਰਨ ਸਿੰਘ (ਅ) ਗੁਰਚਰਨ ਸਿੰਘ

(ੲ) ਸੰਤ ਸਿੰਘ ਸੇਖੋਂ (ਸ) ਬਲਵੰਤ ਗਾਰਗੀ

(iii) ਦੀਨ ਦਿਆਲ ਕਪੂਰ ਕਿਹੋ-ਜਿਹੇ ਵਿਚਾਰਾਂ ਦਾ ਧਾਰਨੀ ਹੈ?

(ੳ) ਅਧਿਆਤਮਕ (ਅ) ਰੂੜ੍ਹੀਵਾਦੀ

(ੲ) ੳ ਅਤੇ ਅ ਦੋਨੋਂ (ਸ) ਇਨ੍ਹਾਂ ਵਿਚੋਂ ਕੋਈ ਵੀ ਨਹੀਂ

9. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਵਾਕ ਜਾਂ ਇਕ ਸ਼ਬਦ ਵਿੱਚ ਲਿਖੋ: 1x3=3

(i) ਮਰਦਾਨੇ ਨੂੰ ਲੋਕੀਂ ਕੀ ਕਹਿ ਕੇ ਬੁਲਾਉਂਦੇ ਸਨ?

(ii) ਵੈਦਰ ਕਰਾਫਟ ਕਿਸ ਕਹਾਣੀ ਦਾ ਪਾਤਰ ਹੈ?

(iii) ਬੀਬੀ ਭਾਨੀ ਜੀ ਕੌਣ ਸਨ?

10. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਸੰਖੇਪ ਵਿੱਚ ਲਿਖੋ: 2x2=4

(i) 'ਰਾਧਾ ਸੰਦੇਸ਼' ਕਵਿਤਾ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

(ii) ਲੱਖ ਗ਼ਰੀਬਾਂ ਮਜਦੂਰਾਂ ਦੇ ਹੰਝੂਆਂ 'ਤੇ ਪਲਣ ਵਾਲਾ ਹੁਸਨ, ਹੁਸਨ ਕਿਉਂ ਨਹੀਂ?

(iii) ਅਣ-ਵਿਆਹੀ ਕੁੜੀ ਮਾਪਿਆਂ ਦੇ ਘਰ ਕੀ-ਕੀ ਕੰਮ ਕਰਦੀ ਹੈ?

11. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ : 2x2=4

(i) 'ਸ਼ੋਭਾ-ਸ਼ਕਤੀ' ਨਾਟਕ ਦਾ ਉਦੇਸ਼ ਕੀ ਹੈ?

ਜਾਂ

'ਸ਼ੋਭਾ-ਸ਼ਕਤੀ' ਨਾਟਕ ਦੀ ਮੂਲ ਸਮੱਸਿਆ ਕੀ ਹੈ?

(ii) ਦੀਨ ਦਿਆਲ ਕਪੂਰ ਕੌਣ ਹੈ? ਉਸਦੇ ਚਰਿੱਤਰ ਦੇ ਗੁਣ ਦੱਸੋ।

ਜਾਂ

'ਸ਼ੋਭਾ ਸ਼ਕਤੀ' ਨਾਟਕ ਦੇ ਤੀਜੇ ਨਾਟ ਦੀ ਪ੍ਰਮੁੱਖ ਘਟਨਾ ਬਿਆਨ ਕਰੋ।

12. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਸੰਖੇਪ ਵਿਚ ਲਿਖੋ: 2x2=4

(i) ਭਾਈ ਲਾਲੋ ਦੀ ਰੋਟੀ ਅਤੇ ਮਲਕ ਭਾਗੋ ਦੇ ਪੂੜਿਆਂ ਵਿੱਚੋਂ ਕੀ ਨਿਕਲਿਆ?

(ii) 'ਠਾਣੇਦਾਰੀ' ਕਹਾਣੀ ਦਾ ਵਿਸ਼ਾ ਕੀ ਹੈ?

(iii) ਲੋਕ-ਗੀਤਾਂ ਵਿੱਚ ਲੋਕਾਂ ਦੇ ਕਿਹੜੇ ਗੁਣਾਂ ਦਾ ਪ੍ਰਗਟਾਵਾ ਹੁੰਦਾ ਹੈ?

Contd... p/5

Downloaded from cclchapter.com

13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿਚ ਲਿਖੋ : 3

'ਤਾਜ ਮਹੱਲ' ਕਵਿਤਾ ਦਾ ਕੇਂਦਰੀ ਭਾਵ ਲਿਖੋ ।

ਜਾਂ

ਕਵਿਤਾ 'ਚਸ਼ਮਾਂ ਇੱਛਾਬਲ ਤੇ ਡੂੰਘੀਆਂ ਸ਼ਾਮਾਂ' ਵਿੱਚ ਕਵੀ ਚਸ਼ਮੇ ਤੋਂ ਕੀ ਪ੍ਰਸ਼ਨ ਕਰਦਾ ਹੈ?

14. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 20-25 ਸ਼ਬਦਾਂ ਵਿੱਚ ਲਿਖੋ : 3

ਰੇਖਾ ਕੌਣ ਹੈ? ਕੰਵਲ ਅਤੇ ਸ਼ੋਭਾ ਨਾਲ ਉਸਦਾ ਕੀ ਰਿਸ਼ਤਾ ਹੈ?

ਜਾਂ

ਸ਼ੋਭਾ-ਸ਼ਕਤੀ ਨਾਟਕ ਵਿੱਚ ਸ਼ੋਭਾ ਆਪਣਾ ਘਰ-ਬਾਰ ਛੱਡ ਕੇ ਸਕੂਲ ਵਿੱਚ ਕਿਉਂ ਰਹਿਣਾ ਪਸੰਦ ਕਰਦੀ ਹੈ?

15. ਕਿਸੇ ਇਕ ਪ੍ਰਸ਼ਨ ਦਾ ਉੱਤਰ 20-25 ਸ਼ਬਦਾਂ ਵਿੱਚ ਲਿਖੋ : 3

'ਮਲਕ ਭਾਗੋ ਤੇ ਭਾਈ ਲਾਲੋ' ਸਾਖੀ ਵਿਚ ਕੀ ਉਪਦੇਸ਼ (ਸਿੱਖਿਆ) ਦਿੱਤਾ ਗਿਆ ਹੈ?

'ਸ਼ੀਸ਼ੇ ਸਾਹਮਣੇ' ਲੇਖ ਵਿਚ ਲੇਖਕ ਦੇ 'ਪੰਜਾਬੀ ਬੋਲੀ ਨਾਲ ਪਿਆਰ' ਬਾਰੇ ਜਾਣਕਾਰੀ ਦਿਓ ।

16. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

(ੳ) ਸਾਵੇ ਸਾਵੇ ਘਾਹ ਉੱਤੇ, ਗਊਆਂ ਤੇ ਮੱਝੀਆ ਦਾ ਚਰਨਾ।
ਸਿਰ ਆਪਣਾ ਨੀਵੇਂ ਕੀਤੇ, ਪਸ਼ੂਆਂ ਦਾ ਚੁੱਪ ਚਪੀਤੇ,
ਚੁਗਣਾ ਤੇ ਰੱਜਣਾ ਤੇ ਨੱਸਣਾ। ਦੇਖ ਦੇਖ ਕੇ ਮੁੜ ਲੋਚਾਂ,
ਮੈਂ ਮੁੜ ਪਸ਼ੂ ਥੀਣ ਨੂੰ, ਆਦਮੀ ਬਣ ਬਣ ਥੱਕਿਆ।

(ਅ) ਖ਼ਤ ਆਵੇਗਾ ਰਾਤ ਬਰਾਤੇ, ਖ਼ਤ ਆਵੇਗਾ ਅੰਮੀ ਦਾ,
ਪੁੱਤਰ ਇਉਂ ਨਹੀਂ ਭੁੱਲ ਜਾਈਦਾ, ਜਿਹੜੀ ਕੁੱਖੋਂ ਜੰਮੀ ਦਾ,
ਖੜਾ ਖੜੋਤਾ ਹਾਲ ਤਾਂ ਪੁੱਤ੍ਰ ਜਾ ਬੁੱਢੀ ਜਾਨ ਨਿਕੰਮੀ ਦਾ,
ਉਮਰਾਂ ਵਾਂਗੂ ਅੰਤ ਹੁੰਦਾ, ਕਿਸੇ ਉਦਾਸੀ ਲੰਮੀ ਦਾ।

17. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਿਖੋ: 5

(ੳ) ਟੁਕੜੀ ਜੱਗ ਤੋਂ ਨਯਾਰੀ

(ਅ) ਅੰਨਦਾਤਾ

Contd... p/6

Downloaded from cclchapter.com

(ੲ) ਕੰਡਿਆਲੀ ਥੋਰ੍ਹ

18. ਹੇਠ ਲਿਖਿਆਂ ਪ੍ਰਸ਼ਨਾਂ ਵਿੱਚੋਂ ਕੋਈ ਇੱਕ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ : 5

(ੳ) 'ਸ਼ੋਭਾ-ਸ਼ਕਤੀ' ਨਾਟਕ ਦੇ ਦੂਜੇ ਅੰਕ ਦਾ ਸਾਰ ਲਿਖੋ।

(ਅ) 'ਸ਼ੋਭਾ-ਸ਼ਕਤੀ' ਨਾਟਕ ਦੇ ਸਿਰਲੇਖ ਬਾਰੇ ਆਪਣੇ ਵਿਚਾਰ ਪੇਸ਼ ਕਰੋ।

19. ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਿਖੋ : 5

(ੳ) ਕੌਮ ਲਈ ਕੁਰਬਾਨੀ

(ਅ) ਸਭਿਅਤਾ ਦੇ ਦੋ ਪੱਧਰ

(ੲ) ਬਾਬੇ ਵਰਿਆਮੇ ਦੀ ਦਿੱਬ ਦ੍ਰਿਸ਼ਟੀ

✡ ✡ ✡ ✡ ✡ ✡

Downloaded from cclchapter.com